Journal of Advances in Developmental Research (IJAIDR)
E-ISSN: 0976-4844 ● Website: www.ijaidr.com ● Email: editor@ijaidr.com

# ਸੰਤ ਰਾਮ ਉਦਾਸੀ ਦੀਆਂ ਚਿੱਠੀਆਂ: ਜਾਤ, ਜਮਾਤ ਅਤੇ ਸੰਘਰਸ਼

**Mr. Jagtar Singh**

Research Scholar, Punjabi, Punjabi University Patiala

ਸੰਤ ਰਾਮ ਉਦਾਸੀ ਇੱਕ ਕਵੀ, ਲੇਖਕ, ਲੋਕ ਗਾਇਕ ਅਤੇ ਇਨਕਲਾਬੀ ਕਾਰਕੁੰਨ ਸੀ, ਜਿਨ੍ਹਾਂ ਦਾ ਜਨਮ 20 ਅਪ੍ਰੈਲ 1939 ਈ. ਨੂੰ ਇੱਕ ਦਲਿਤ ਪਰਿਵਾਰ ਵਿਚ ਹੋਇਆ। ਇਸ ਲਈ ਉਨ੍ਹਾਂ ਨੇ ਜਮਾਤੀ ਚੇਤਨਾ ਅਨੁਭਵ ਦੀ ਕੁਠਾਲੀ ਵਿਚ ਤੱਪ ਕੇ ਪ੍ਰਾਪਤ ਕੀਤੀ। ਇੱਕ ਪਾਸੇ ਉਨ੍ਹਾਂ ਜਮਾਤੀ ਲੁੱਟ ਅਤੇ ਦਾਬੇ ਨੂੰ ਪਿੰਡੇ 'ਤੇ ਹੰਢਾਇਆ, ਦੂਜੇ ਪਾਸੇ ਉਸ ਨੂੰ ਜਾਤੀ ਵਿਤਕਰੇ ਅਤੇ ਛੂਆ-ਛੂਤ ਦਾ ਸ਼ਿਕਾਰ ਹੋਣਾ ਪਿਆ। ਉਸ ਨੂੰ ਜਾਤੀ ਹੀਣਤਾ ਕਾਰਨ ਥਾਂ-ਥਾਂ ਜ਼ਲੀਲ ਹੋਣਾ ਪੈਂਦਾ ਸੀ। ਉਸ ਨੂੰ ਗ੍ਰਿਫ਼ਤਾਰ ਕਰਨ ਆਉਂਦੀ ਪੁਲਿਸ ਦੇ ਸ਼ਬਦਾਂ ਨੂੰ ਇਸ ਸੰਦਰਭ ਵਿਚ ਵਿਚਾਰਿਆ ਜਾ ਸਕਦਾ ਹੈ ਕਿ "ਸਾਲੇ ਚੂਹੜੇ ਇਨਕਲਾਬ ਕਰਨ ਲੱਗੇ ਐ।"[1] ਸੰਤ ਰਾਮ ਉਦਾਸੀ ਨਾਲ ਜਾਤੀ ਵਿਤਕਰਾ ਜ਼ਿਆਦਾ ਹੋਣ ਦਾ ਇੱਕ ਕਾਰਨ ਸੰਬੰਧਿਤ ਜਾਤੀ ਦਾ ਕਈ ਹੋਰ ਦਲਿਤ ਜਾਤੀਆਂ ਤੋਂ ਵੀ ਸਮਾਜਿਕ ਪੱਖੋਂ ਹੀਣੇ ਹੋਣਾ ਸੀ। ਇਸ ਵਿਤਕਰੇ ਨੂੰ ਸਮਝਣ ਲਈ ਮਨੂੰ ਸਮ੍ਰਿਤੀ ਦੇ 51-54 ਨੰ. ਸਲੋਕਾਂ ਨੂੰ ਘੋਖਿਆ ਜਾ ਸਕਦਾ ਹੈ। ਆਰੀਆ ਲੋਕਾਂ ਨੇ ਇਹਨਾਂ ਨੂੰ ਗ਼ੁਲਾਮ ਬਣਾ ਕੇ ਅਸੁਰ, ਦੈਂਤ, ਚੂੜ੍ਹੇ ਅਤੇ ਚੰਡਾਲ ਕਿਹਾ ਸੀ। ਬਤੌਰ ਏ ਮਿਸਾਲ "ਇਨ੍ਹਾਂ ਦੇ ਨਖਿੱਧ ਭਾਂਡੇ ਹੋਣ, ਕੁੱਤੇ ਗਧੇ ਇਨ੍ਹਾਂ ਦੀ ਧੰਨ ਸੰਪਤੀ ਹੋਣ, ਮਰੇ ਹੋਏ ਲੋਕਾਂ ਦੇ ਵਸਤਰ ਜਾਂ ਫਟੇ ਪੁਰਾਣੇ ਚੀਥੜੇ ਇਨ੍ਹਾਂ ਨੂੰ ਹੰਢਾਉਣ ਲਈ ਦਿੱਤੇ ਜਾਣ, ਟੁੱਟੇ ਫੁੱਟੇ ਭਾਂਡੇ ਰੋਟੀ ਪਕਾਉਣ ਵਾਸਤੇ ਹੋਣ, ਲੋਹੇ ਦੇ ਕੜੇ, ਛੱਲੇ ਆਦਿ ਇਹਨਾਂ ਦੇ ਗਹਿਣੇ ਹੋਣ। ਜਦੋਂ ਕੋਈ ਧਰਮ ਸਬੰਧੀ ਅਨੁਸ਼ਠਾਨ ਜਾਂ ਯੋਗ ਕਰਮ ਹੁੰਦਾ ਹੋਵੇ ਤਾਂ ਇਨ੍ਹਾਂ ਲੋਕਾਂ ਨੂੰ ਦਰਸ਼ਨ ਕਰਨ ਦੀ ਮਨਾਈ ਹੈ। ਇਨ੍ਹਾਂ ਦੇ ਵਿਆਹ ਅਤੇ ਹੋਰ ਲੈਣ ਦੇਣ ਦੇ ਵਿਹਾਰ ਵੀ ਇਨ੍ਹਾਂ ਦੀ ਆਪਣੀ ਜਾਤ ਤੱਕ ਹੀ ਸੀਮਤ ਹੋਣੇ ਚਾਹੀਦੇ ਹਨ। ਜੇ ਇਨ੍ਹਾਂ ਨੂੰ ਦਾਨ ਦੇਣਾ ਹੋਵੇ ਤਾਂ ਆਪਣੇ ਹੱਥੀ ਨਹੀਂ ਸਗੋਂ ਕਿਸੇ ਹੋਰ ਭਾਂਡੇ ਰੱਖ ਕੇ, ਕਿਸੇ ਨੌਕਰ ਦੇ ਹੱਥੀ ਦੇਣਾ ਚਾਹੀਦਾ ਹੈ। ਇਨ੍ਹਾਂ ਚੰਡਾਲਾਂ ਤੇ ਸੈਂਸੀਆਂ ਨੂੰ ਪਿੰਡਾਂ ਵਿਚ ਫਿਰਨ ਦੀ ਆਗਿਆ ਨਹੀਂ ਹੈ।"[2] ਭਾਰਤ ਦੇ ਧਾਰਮਿਕ ਗ੍ਰੰਥਾਂ ਦੁਆਰਾ ਵਾਜਿਬ ਠਹਿਰਾਈ ਗਈ ਵਿਤਕਰੇਪੂਰਣ ਸਮਾਜਿਕ ਸਥਿਤੀ ਚੋਂ ਨਿਕਲਣ ਲਈ ਉਹ ਪਹਿਲਾਂ ਪਰਿਵਾਰ ਦੇ ਧਾਰਮਿਕ ਪ੍ਰਭਾਵ ਕਾਰਨ ਨਾਮਧਾਰੀਆਂ ਦੀ ਸ਼ਰਨ ਵਿਚ ਜਾਂਦਾ ਹੈ ਪਰ ਜਦੋਂ ਇੱਥੋਂ ਵੀ ਜਾਤੀ ਤੇ ਜਮਾਤੀ ਵਿਤਕਰੇ ਤੋਂ ਨਜਾਤ ਨਹੀਂ ਮਿਲਦੀ ਤਾਂ ਉਹ ਰੁਮਾਂਸਵਾਦੀ ਆਦਰਸ਼ਕ ਧਾਰਮਿਕ ਲੀਹ ਨੂੰ ਤਿਆਗਕੇ ਸੀ.ਪੀ.ਆਈ. ਪਾਰਟੀ ਨੂੰ ਅਪਣਾ ਲੈਂਦਾ ਹੈ। ਫਿਰ ਜਦੋਂ ਸੀ.ਪੀ.ਆਈ. ਵਿੱਚ ਵੀ ਉਸ ਨੂੰ ਸਮਾਜਿਕ ਸੱਭਿਆਚਾਰਿਕ ਤੇ ਜਾਤੀ-ਜਮਾਤੀ ਵਿਤਕਰੇ ਨੂੰ ਖ਼ਤਮ ਕਰਨ ਲਈ ਕੋਈ ਹੱਲ ਨਹੀਂ

[1] ਇਕਬਾਲ ਕੌਰ ਉਦਾਸੀ, "ਇਕ ਦ੍ਰਿੜ੍ਹ ਘੁਲਾਟੀਆਂ ਸੀ ਮੇਰਾ ਪਾਪਾ", *ਸੰਤ ਰਾਮ ਉਦਾਸੀ ਜੀਵਨ ਤੇ ਸਮੁੱਚੀ ਰਚਨਾ*, (ਸੰਪਾ. ਰਾਜਿੰਦਰ ਰਾਹੀ), ਚੇਤਨਾ ਪ੍ਰਕਾਸ਼ਨ. ਲੁਧਿਆਣਾ, 2000, ਪੰਨਾ 35

[2] ਮਨੂੰ ਸਿਮਰਤੀ ਸਲੋਕ 51 ਤੋਂ 54, (ਰਾਜਿੰਦਰ ਰਾਹੀ, "ਇੱਕ ਜੀਵਨ-ਇਕ ਜੱਦੋ ਜਹਿਦ", *ਸੰਤ ਰਾਮ ਉਦਾਸੀ ਜੀਵਨ ਤੇ ਸਮੁੱਚੀ ਰਚਨਾ*, (ਸੰਪਾ. ਰਾਜਿੰਦਰ ਰਾਹੀ), ਚੇਤਨਾ ਪ੍ਰਕਾਸ਼ਨ. ਲੁਧਿਆਣਾ, 2000, ਪੰਨਾ 23 ਤੋਂ ਉਦਰਿਤ)

ਮਿਲਦਾ ਤਾਂ ਉਹ ਸੀ.ਪੀ.ਆਈ. (ਐਮ) ਪਾਰਟੀ ਨੂੰ ਸਮਰਪਿਤ ਹੋ ਜਾਂਦਾ ਹੈ। ਸੀ.ਪੀ.ਆਈ. (ਐਮ.) ਦੀ ਕੇਰਲਾ ਅਤੇ ਆਂਧਰਾ ਵਿਚ ਸਰਕਾਰ ਆਉਣ ’ਤੇ ਪਾਰਟੀ ਸੋਧਵਾਦੀ ਤੇ ਮੌਕਾਪ੍ਰਸਤ ਰੁਝਾਨਾਂ ਦੀ ਸ਼ਿਕਾਰ ਹੋ ਜਾਂਦੀ ਹੈ। ਇਸ ਕਾਰਨ ਸੰਤ ਰਾਮ ਉਦਾਸੀ ਸੀ.ਪੀ.ਆਈ (ਐਮ.) ਨੂੰ ਛੱਡਕੇ ਚਾਰੂ ਗਰੁੱਪ ਦੁਆਰਾ ਸ਼ੁਰੂ ਕੀਤੇ ਨਕਸਲਬਾੜੀ ਸੰਘਰਸ਼ ਤੇ ਹਿੰਦ ਤਾਲਮੇਲ ਕਮੇਟੀ ਦਾ ਮੈਂਬਰ ਬਣ ਜਾਂਦਾ ਹੈ। ਉਹ ਬਾਅਦ ਵਿਚ ਪਾਰਟੀ ਨਿਰਦੇਸ਼ਾਂ ਅਨੁਸਾਰ ਕਾਰਜ ਕਰਦਾ ਹੋਇਆ, ਪੰਜਾਬ ਵਿਚ ਸੀ.ਓ.ਸੀ. (ਐਮ. ਐਲ) ਦੇ ਗਰੁੱਪ ਦਾ ਹਿੱਸਾ ਬਣ ਜਾਂਦਾ ਹੈ। ਉਹ ਸੀ.ਓ.ਸੀ. (ਐਮ. ਐਲ) ਵਿਚ ਕਾਰਜ ਕਰਦੇ ਹੋਏ ਮਾਰਕਸ, ਲੈਨਿਨ ਅਤੇ ਮਾਓ ਜੇ ਤੁੰਗ ਦੀ ਵਿਚਾਰਧਾਰਾ ਨੂੰ ਆਤਮਸਾਤ ਕਰ ਲੈਂਦਾ ਹੈ। ਇਹ ਪਾਰਟੀ ਆਰਥਿਕਤਾ ਦੀ ਲੜਾਈ ਤੱਕ ਸੀਮਤ ਨਾ ਰਹਿੰਦੇ ਹੋਏ, ਸਿਆਸੀ ਲੀਹ ਦੁਆਰਾ ਸੱਤਾ ਹਥਿਆਉਣ ਦਾ ਪ੍ਰੋਗਰਾਮ ਵਿੱਢਦੀ ਹੈ। ਸੰਤ ਰਾਮ ਉਦਾਸੀ ਇਸ ਲੀਹ ’ਤੇ ਚਲਦੇ ਹੋਏ 1977 ਈ. ਤੱਕ (ਪਾਰਟੀ ਖਿੰਡਾਅ ਤੱਕ) ਤੱਤੀ ਸੁਰ ਦੀ ਕਵਿਤਾ ਲਿਖਦਾ ਹੈ, ਜਿਸ ਕਾਰਨ ਉਸ ਨੂੰ ਜੇਲ੍ਹ ਦੀ ਸਜ਼ਾ ਹੁੰਦੀ ਹੈ। ਉਸ ਨੂੰ ਸਮੇਤ ਪਰਿਵਾਰ ਦੇ ਆਰਥਿਕ, ਸਰੀਰਕ, ਮਾਨਸਿਕ ਅਤੇ ਸਮਾਜਿਕ ਜਾਤੀ ਉਤਪੀੜਨ ਵਿਚੋਂ ਗੁਜ਼ਰਨਾ ਪੈਂਦਾ ਹੈ। ਉਹ 1980 ਈ. ਤੋਂ ਬਾਅਦ ਖਾਲਿਸਤਾਨੀ ਮੁੱਦੇ ਨੂੰ ਕੌਮੀ ਮੁੱਦਾ ਸਮਝਣਾ ਸ਼ੁਰੂ ਕਰ ਦਿੰਦਾ ਹੈ ਪਰ ਕਮਿਊਨਿਸਟ ਪਾਰਟੀਆਂ ਖਾਲਿਸਤਾਨ ਦੇ ਵਿਰੋਧ ਦੇ ਪੈਂਤੜੇ ਨੂੰ ਅਪਣਾ ਚੁੱਕੀਆਂ ਸਨ, ਜਿਸ ਕਾਰਨ ਕੁੱਝ ਕੁ ਨਕਸਲੀ ਖੇਮਿਆਂ ਵਿਚ ਸੰਤ ਰਾਮ ਉਦਾਸੀ ਨੂੰ ਲੋਕ ਕਵੀ ਦੀ ਥਾਂ ਨੋਟ ਕਵੀ ਅਤੇ ਲਹੂ ਦੇ ਕਵੀ ਦੀ ਥਾਂ ਸ਼ਰਾਬੀ ਕਵੀ ਕਹਿਣਾ ਸ਼ੁਰੂ ਕਰ ਦਿੱਤਾ ਸੀ। ਇਸ ਦਾ ਇੱਕ ਕਾਰਨ 26 ਜਨਵਰੀ ਨੂੰ ਦਿੱਲੀ ਲਾਲ ਕਿਲ੍ਹੇ ’ਤੇ ਗਾਣਾ ਪੇਸ਼ ਕਰਨਾ ਸੀ। ਦੂਜਾ ਕਾਰਨ ਮੋਹਨ ਸਿੰਘ ਫਾਊਂਡੇਸ਼ਨ ਦੇ ਸਰਪ੍ਰਸਤ ਜਗਦੇਵ ਸਿੰਘ ਜੱਗੋਵਾਲੀ ਵੱਲੋਂ ਉਦਾਸੀ ਨੂੰ ਸਿੱਕਿਆਂ ਨਾਲ ਤੋਲਣਾ ਸੀ। ਇਸ ਤਰ੍ਹਾਂ ਉਸ ਦੀ ਸੁਤੰਤਰ ਰਾਏ ਨੂੰ ਸਥਾਪਤ ਇਨਕਲਾਬੀ ਬਿੰਬ ਅਤੇ ਜਾਤੀ-ਜਮਾਤੀ ਦਬਾਅ ਨੇ ਹਾਸ਼ੀਏ ਤੇ ਕਰ ਦਿੱਤਾ। ਨਤੀਜੇ ਵਜੋਂ ਉਹ ਜੀਵਨ ਦੇ ਆਖਰੀ ਪੜਾਅ ਤੇ ਖਾਲਿਸਤਾਨੀਆਂ ਅਤੇ ਕਮਿਊਨਿਸਟਾਂ ਦੇ ਆਪਸੀ ਅਤੇ ਸਰਕਾਰ ਦੁਆਰਾ ਕੀਤੇ ਕਤਲਾਂ ਕਾਰਨ ਮਾਨਸਿਕ ਦੁੱਖ ਹੰਢਾਉਂਦਾ ਅਰਧ ਪਾਗਲ ਹੋ ਜਾਂਦਾ ਹੈ। ਉਹ ਇਸ ਮਾਨਸਿਕ ਪੀੜਾ ਤੇ ਦਵੰਦ ਗ੍ਰਸਤ ਸਥਿਤੀ ਕਾਰਨ 6 ਨਵੰਬਰ 1986 ਈ. ਨੂੰ ਸੰਸਾਰ ਨੂੰ ਛੱਡ ਜਾਂਦਾ ਹੈ।

ਸਾਨੂੰ ਸੰਤ ਰਾਮ ਉਦਾਸੀਆਂ ਦੀਆਂ ਕਵਿਤਾਵਾਂ ਅਤੇ ਗੀਤਾਂ ’ਤੇ ਤਾਂ ਚਰਚਾ ਹੋਈ ਮਿਲਦੀ ਹੈ ਪਰ ਉਸਦੀਆਂ ਚਿੱਠੀਆਂ ਦਾ ਅਧਿਐਨ ਹਾਸ਼ੀਏ ’ਤੇ ਹੀ ਰਿਹਾ ਹੈ। ਇਸ ਲਈ ਅਸੀਂ ਖੋਜ ਪੇਪਰ ਵਿਚ ਸੰਤ ਰਾਮ ਉਦਾਸੀ ਦੀਆਂ ਚਿੱਠੀਆਂ ਨੂੰ ਖੋਜ ਪੇਪਰ ਦਾ ਵਿਸ਼ਾ ਬਣਾਇਆ ਹੈ। ‘ਸੰਤ ਰਾਮ ਉਦਾਸੀ ਜੀਵਨ ਅਤੇ ਸਮੁੱਚੀ ਰਚਨਾ’ ਕਿਤਾਬ ਨੂੰ ਰਾਜਿੰਦਰ ਸਿੰਘ ਰਾਹੀ ਨੇ ਸੰਪਾਦਿਤ ਕੀਤਾ ਹੈ। ਇਸ ਕਿਤਾਬ ਦੇ ਤਿੰਨ ਭਾਗ ਹਨ। ਕਿਤਾਬ ਦੇ ਤੀਜੇ ਭਾਗ ਵਿਚ ਸੰਤ ਰਾਮ ਉਦਾਸੀ ਦੀਆਂ ਅਪ੍ਰਕਾਸ਼ਿਤ ਲਿਖਤਾਂ ਅਤੇ ਚਿੱਠੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਉਸ ਨੇ ਜਿਊਂਦੇ ਜੀਅ ਬਹੁਤ ਸਾਰੇ ਦੋਸਤਾਂ-ਸਾਥੀਆਂ ਨੂੰ ਚਿੱਠੀਆਂ ਲਿਖੀਆਂ ਸਨ ਪਰ ਕਿਸੇ ਦੁਆਰਾ ਚਿੱਠੀਆਂ ਨੂੰ ਸਾਂਭ ਕੇ ਨਾ ਰੱਖਣ ਕਾਰਨ ਸਾਨੂੰ ਬਹੁਤੀਆਂ ਚਿੱਠੀਆਂ ਪ੍ਰਾਪਤ ਨਹੀਂ ਹੁੰਦੀਆਂ। ਇਸ ਪੁਸਤਕ ਵਿਚੋਂ ਸੰਤ ਰਾਮ ਉਦਾਸੀ ਦੁਆਰਾ ਲਿਖੀਆਂ ਦੋ ਚਿੱਠੀਆਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿਚੋਂ ਪਹਿਲੀ ਚਿੱਠੀ ਪੂਰੀ ਨਹੀਂ ਸਗੋਂ ਚਿੱਠੀ ਦਾ ਪਾਟਿਆ ਹੋਇਆ ਪਿਛਲਾ ਹਿੱਸਾ ਹੀ ਮਿਲਦਾ ਹੈ। ਇਹਨਾਂ ਚਿੱਠੀਆਂ ਤੋਂ ਇਲਾਵਾ ਐੱਸ.ਪੀ. ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਲਿਖੀਆਂ ਦੋ ਚਿੱਠੀਆਂ ਅਤੇ ਡੀ.ਈ.ਓ. ਵੱਲੋਂ ਲਿਖੀਆਂ ਜਵਾਬੀ ਚਿੱਠੀਆਂ ਨੂੰ ਕਿਤਾਬ ਵਿਚ ਸ਼ਾਮਿਲ ਕੀਤਾ ਗਿਆ ਹੈ, ਜੋ ਸੰਤ ਰਾਮ ਉਦਾਸੀ ਦੀ ਗ੍ਰਿਫ਼ਤਾਰੀ ਦੌਰਾਨ ਉਸ ਨੂੰ ਮਾਸਟਰ ਦੀ ਨੌਕਰੀ ਤੋਂ ਮੁਅੱਤਲ ਕਰਨ ਅਤੇ ਮੁੜ ਬਹਾਲੀ ਦੇ ਸੰਦਰਭ ਵਿਚ ਲਿਖੀਆਂ ਗਈਆਂ ਹਨ। ਸੰਤ ਰਾਮ ਉਦਾਸੀ ਦੀਆਂ ਬਦਲੀਆਂ ਅਤੇ ਨੌਕਰੀ ਸਬੰਧੀ ਵੀ ਤਿੰਨ ਚਿੱਠੀਆਂ ਮਿਲਦੀਆਂ ਹਨ, ਜਿਨ੍ਹਾਂ ਨੂੰ ਅਸੀਂ ਖੋਜ ਪੇਪਰ ਦਾ ਵਿਸ਼ਾ-ਵਸਤੂ ਬਣਾਇਆ ਹੈ।

ਸੰਤ ਰਾਮ ਉਦਾਸੀ ਦੁਆਰਾ ਲਿਖੀਆਂ ਵਿਅਕਤੀਗਤ 2 ਚਿੱਠੀਆਂ ਵਿਚੋਂ ਪਹਿਲੀ ਚਿੱਠੀ ਦਾ ਪਾਟਿਆ ਹਿੱਸਾ ਹੀ ਮਿਲਣ ਕਾਰਨ ਅਤੇ ਬਚੀ ਇੱਕ ਚਿੱਠੀ ਦੇ ਅਧਾਰਿਤ ਉਸ ਦੇ ਚਿੱਠੀਆਂ ਨੂੰ ਸ਼ੁਰੂ ਕਰਨ ਦੇ ਪੈਟਰਨ ਬਾਰੇ ਆਖ਼ਰੀ ਰਾਏ ਦੇਣੀ ਵਾਜਿਬ ਨਹੀਂ ਜਾਪਦੀ ਪਰ ਪਹਿਲੀ ਚਿੱਠੀ ਦੀ ਵਾਕ ਬਣਤਰ ਤੋਂ ਅਨੁਮਾਨ ਜ਼ਰੂਰ ਲਗਾ ਸਕਦੇ ਹਾਂ ਕਿ ਉਹ ਚਿੱਠੀਆਂ ਦੀ ਸ਼ੁਰੂਆਤ ਗ਼ੈਰਰਸਮੀ ਤਰੀਕੇ ਨਾਲ ਕਰਦੇ ਹੋਣਗੇ। ਅਸੀਂ ਜਦੋਂ ਦੂਜੀ ਚਿੱਠੀ ਦੀ ਸ਼ੁਰੂਆਤ ਨੂੰ ਦੇਖਦੇ ਹਾਂ ਤਾਂ ਇਸ ਚਿੱਠੀ ਦੀ ਸ਼ੁਰੂਆਤ ਵੀ ਉਹ ਦਿਲੀ ਇੱਛਾ ਨੂੰ ਵਿਅਕਤ ਕਰਦੇ ਹੋਏ, ਗ਼ੈਰਰਸਮੀ ਤਰੀਕੇ ਨਾਲ ਕਰਦੇ ਹਨ। ਉਹ ਲਿਖਦੇ ਹਨ ਕਿ "ਤੁਹਾਨੂੰ ਖ਼ਤ ਲਿਖਣ ਦੀ ਚਰੋਕਣੀ ਰੀਝ ਸੀ ਪਰ..."[3] ਇਸ ਵਾਕ ਤੋਂ ਇੱਕ ਨਕਸਲੀ ਕਾਰਕੁੰਨ ਦੇ ਗੁਪਤ ਜੀਵਨ ਬਾਰੇ ਪਤਾ ਚਲਦਾ ਹੈ ਕਿ ਉਹ ਬਹੁਤੀਆਂ ਇੱਛਾਵਾਂ ਨੂੰ ਦਿਲ 'ਚ ਦਫ਼ਨ ਕਰ ਲੈਂਦੇ ਹਨ ਅਤੇ 'ਪਰ' ਸ਼ਬਦ ਤੋਂ ਬਾਅਦ ਲੱਗੇ ਬਿੰਦੂ ਗੁਪਤਵਾਸ ਦੌਰਾਨ ਚਿੱਠੀਆਂ ਨਾ ਲਿਖਣ ਦੀ ਮਜ਼ਬੂਰੀ ਅਤੇ ਪਾਰਟੀ ਲੀਹ ਨੂੰ ਦਰਸਾ ਜਾਂਦੇ ਹਨ। ਦੂਜੀ ਚਿੱਠੀ 'ਵਤਨੋਂ ਦੂਰ' ਅਦਾਰੇ ਨੂੰ ਲਿਖੀ ਗਈ ਹੈ, ਜਿਸ ਦੇ ਮੈਂਬਰ ਗੁਰਸ਼ਰਨ ਭਾਅਜੀ ਸਨ ਜੋ ਪਲਸ ਮੰਚ ਵੀ ਚਲਾਉਂਦੇ ਸਨ ਅਤੇ ਪਲਸ ਮੰਚ ਦੀ ਵਿਚਾਰਧਾਰਕ ਸਾਂਝ ਸਿਆਸੀ ਤੌਰ 'ਤੇ ਹਰਭਜਨ ਸੋਹੀ ਜਾਂ ਨਾਗਾ ਰੈਡੀ ਗਰੁੱਪ ਨਾਲ ਜਾ ਜੁੜਦੀ ਹੈ। ਸੰਤ ਰਾਮ ਉਦਾਸੀ ਖ਼ੁਦ ਸੀ.ਓ.ਸੀ. ਦਾ ਮੈਂਬਰ ਸੀ। ਇਸ ਲਈ ਅਸੀਂ ਆਖ ਸਕਦੇ ਹਾਂ ਕਿ ਸੰਤ ਰਾਮ ਉਦਾਸੀ ਦਾ ਗੁਰਸ਼ਰਨ ਭਾਅਜੀ ਨੂੰ ਸੰਬੋਧਨ ਹੋਣਾ ਇਹ ਦਰਸਾਉਂਦਾ ਹੈ ਕਿ ਉਦਾਸੀ ਜੱਥੇਬੰਦਕ ਵਿਰੋਧਤਾਈਆਂ ਤੋਂ ਉੱਪਰ ਉੱਠਿਆ ਵਿਅਕਤੀ ਅਤੇ ਤੰਗ-ਨਜ਼ਰੀਏ ਦਾ ਸ਼ਿਕਾਰ ਨਹੀਂ ਸੀ ਸਗੋਂ ਇਹ ਗੱਲ ਉਦਾਸੀ ਦੇ ਸਿਆਸੀ ਲੀਡਰ ਹੋਣ ਦਾ ਸਬੂਤ ਸਾਬਿਤ ਹੁੰਦੀ ਹੈ। ਇਹਨਾਂ ਚਿੱਠੀਆਂ ਵਿਚ ਸਾਹਿਤਕ ਪੁਸਤਕਾਂ ਅਤੇ ਮੈਗਜ਼ੀਨਾਂ ਬਾਰੇ ਟਿੱਪਣੀਆਂ ਮਿਲਦੀਆਂ ਹਨ। ਉਦਾਸੀ ਚਿੱਠੀ ਵਿਚ ਪੰਜਾਬ ਮੁੱਦੇ 'ਤੇ ਪਾਰਟੀ ਸਫ਼ਾ ਤੋਂ ਵੱਖਰੀ ਰਾਏ ਦਿੰਦਾ ਹੋਇਆ ਲਿਖਦਾ ਹੈ;

> "ਪੰਜਾਬ ਦੀਆਂ ਜੋ ਆਰਥਕ ਮੰਗਾਂ ਸਾਨੂੰ ਉਠਾਈਆਂ ਚਾਹੀਦੀਆਂ ਸਨ ਉਹ ਅਕਾਲੀਆਂ ਉਠਾ ਲਈਆਂ ਤਾਂ ਇਸ ਵਿਚ ਪੰਜਾਬ ਜਾਂ ਭਾਰਤ ਦੇ ਲੋਕਾਂ ਦਾ ਕੀ ਕਸੂਰ ਹੈ? ਜਿਹੜੀਆਂ ਅੱਤਵਾਦ ਅਤੇ ਵੱਖਵਾਦ ਦੀਆਂ ਖ਼ਬਰਾਂ ਤੁਹਾਡੇ ਤੀਕ ਅੱਪੜ ਰਹੀਆਂ ਹਨ ਇਹ ਕੇਵਲ ਪੰਜਾਬ ਦੇ ਇਨਕਲਾਬੀ ਵਿਰਸੇ ਦਾ ਮੱਚ ਮਾਰਨ ਲਈ ਤੇ ਸਰਕਾਰ ਵੱਲੋਂ ਕੀਤੇ ਜਾਂਦੇ ਤਸ਼ੱਦਦ ਨੂੰ ਸਹੀ ਠਹਿਰਾਉਣ ਲਈ ਵਾ-ਵੇਲਾ ਹਨ। ਕਮਿਊਨਿਸਟ ਤਹਿਰੀਕ ਦੀ ਬਦਕਿਸਮਤ ਰਹੀ ਹੈ ਕਿ ਉਹ ਇਸ ਤਹਿਰੀਕ ਨੂੰ ਉਠਾ ਨਹੀਂ ਸਕੀ।"[4]

ਇਸ ਤਰ੍ਹਾਂ ਸੰਤ ਰਾਮ ਉਦਾਸੀ ਖ਼ਾਲਿਸਤਾਨੀ ਮੁੱਦੇ ਅਤੇ ਕੌਮਾਂ ਦੀਆਂ ਮੁਕਤੀ ਲਹਿਰਾਂ ਨੂੰ ਇਕੋ ਸਮਝਦਾ ਹੋਇਆ, ਖ਼ਾਲਿਸਤਾਨੀ ਲਹਿਰ ਪ੍ਰਤੀ ਆਸਵੰਦ ਸੀ। ਉਹ ਖ਼ਾਲਿਸਤਾਨੀ ਲਹਿਰ ਨੂੰ ਇਨਕਲਾਬੀ ਲਹਿਰਾਂ ਦੇ ਤੁਲ ਮੰਨਦਾ ਸੀ ਅਤੇ ਇਨ੍ਹਾਂ ਦੁਆਰਾ ਕੀਤੀ ਜਾ ਰਹੀ ਹਿੰਸਾ ਨੂੰ ਵੱਖਵਾਦ ਅਤੇ ਅੱਤਵਾਦ ਕਹਿਣ ਦੇ ਰੁਝਾਨ ਨੂੰ ਸਰਕਾਰੀ ਪ੍ਰਚਾਰ ਮੰਨਦਾ ਸੀ। ਉਹ ਕਮਿਊਨਿਸਟ ਪਾਰਟੀਆਂ ਦੀ ਆਲੋਚਨਾ ਕਰਦਾ ਹੋਇਆ, ਪੰਜਾਬ ਦੇ ਮੁੱਦੇ ਨੂੰ ਦਾਅਪੇਚਕ ਤੌਰ 'ਤੇ ਦੇਖਦਾ ਹੈ। ਇਸ ਨੂੰ ਕਮਿਊਨਿਸਟਾਂ ਦੀ ਕਮੀ ਮੰਨਦਾ ਹੈ ਕਿ ਇਹਨਾਂ ਨੇ ਪੰਜਾਬ ਦੇ ਮਸਲਿਆਂ ਨੂੰ ਗੰਭੀਰਤਾ ਨਾਲ ਨਹੀਂ ਲਿਆ, ਜਿਸ ਕਾਰਨ ਅਕਾਲੀ ਲੋਕਾਂ ਨੂੰ ਨਾਲ ਜੋੜਕੇ ਲਾਹਾ ਖੱਟ ਰਹੇ ਹਨ। ਇਸ ਤਰ੍ਹਾਂ ਉਹ ਸਵੈ-ਆਲੋਚਨਾ ਦੇ ਨਾਲ-ਨਾਲ ਕਮਿਊਨਿਸਟ ਪਾਰਟੀਆਂ ਨਾਲ ਗਿਲਾ ਵੀ ਕਰ ਰਿਹਾ ਹੈ ਅਤੇ ਪੰਜਾਬ ਮੁੱਦੇ ਨੂੰ ਸਟੇਟਾਂ ਦੇ ਵੱਧ ਅਧਿਕਾਰਾਂ ਅਤੇ ਸੱਤਾ ਦੇ ਵਿਕੇਂਦਰੀਕਰਨ ਦਾ ਮਸਲਾ ਮੰਨਦਾ ਹੈ। ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਸੰਤ

[3] ਸੰਤ ਰਾਮ ਉਦਾਸੀ, "ਅਧੂਰੇ ਖ਼ਤ" *ਸੰਤ ਰਾਮ ਉਦਾਸੀ ਜੀਵਨ ਤੇ ਸਮੁੱਚੀ ਰਚਨਾ*, (ਸੰਪਾ. ਰਾਜਿੰਦਰ ਰਾਹੀ), ਚੇਤਨਾ ਪ੍ਰਕਾਸ਼ਨ. ਲੁਧਿਆਣਾ, 2000, ਪੰਨਾ 276

[4] ਸੰਤ ਰਾਮ ਉਦਾਸੀ, "ਅਧੂਰੇ ਖ਼ਤ" *ਸੰਤ ਰਾਮ ਉਦਾਸੀ ਜੀਵਨ ਤੇ ਸਮੁੱਚੀ ਰਚਨਾ*, (ਸੰਪਾ. ਰਾਜਿੰਦਰ ਰਾਹੀ), ਚੇਤਨਾ ਪ੍ਰਕਾਸ਼ਨ. ਲੁਧਿਆਣਾ, 2000, ਪੰਨਾ 276

ਰਾਮ ਉਦਾਸੀ ਬੇਸ਼ੱਕ ਨਕਸਲਬਾੜੀ ਲਹਿਰ ਦੇ ਫ਼ੇਲ ਹੋਣ ਤੋਂ ਬਾਅਦ ਖ਼ਾਲਿਸਤਾਨੀ ਲਹਿਰ ਦੀ ਹਮਾਇਤ ਕਰਦਾ ਦਿਖਾਈ ਦਿੰਦਾ ਹੈ ਅਤੇ ਉਹਨਾਂ ਦੀ ਮੌਤ ਵੀ ਹਜ਼ੂਰ ਸਾਹਿਬ ਵਿਖੇ ਗੀਤ ਪੇਸ਼ ਕਰਨ ਤੋਂ ਬਾਅਦ ਘਰ ਵਾਪਸੀ ਸਮੇਂ ਰਸਤੇ ਵਿਚ ਹੋਈ ਪਰ ਉਹਨਾਂ ਦੀ ਮੌਤ ਤੋਂ ਬਾਅਦ ਸਿੱਖ ਸੰਸਥਾਵਾਂ ਨੇ ਵੀ ਉਹਨਾਂ ਨੂੰ ਹਾਸ਼ੀਏ 'ਤੇ ਹੀ ਰੱਖਿਆਂ ਹੋਇਆ ਹੈ। ਇਸ ਤੋਂ ਇਲਾਵਾ ਉਹ ਚਿੱਠੀ ਵਿਚ ਕਲਾਕਾਰਾਂ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਅਤੇ 'ਵਤਨੋਂ ਦੂਰ' ਅਦਾਰੇ ਦੀ ਵਿਸ਼ਵ ਸੰਮੇਲਨਾਂ ਪ੍ਰਤੀ ਪਹੁੰਚ ਨੂੰ ਕਲਮਬੱਧ ਕਰਦਾ ਹੋਇਆ ਲਿਖਦਾ ਹੈ ਕਿ;

> "ਪੰਜਾਬੀ ਵਿਸ਼ਵ ਸੰਮੇਲਨਾਂ ਬਾਰੇ ਵਤਨੋਂ ਦੂਰ ਅਦਾਰੇ ਦੀ ਪਹੁੰਚ ਬਿਲਕੁਲ ਦਰੁਸਤ ਹੈ। ਬੈਂਕਾਕ ਵਿਚ ਹੋ ਰਿਹਾ ਸੰਮੇਲਨ ਪੰਜਾਬੀ ਦੋਖੀ ਸੰਮੇਲਨ ਹੋ ਨਿੱਬੜਿਆ ਹੈ। ਸੰਮੇਲਨ ਦੇ ਵਾਂਗ ਹੀ ਸਰਕਾਰ ਪੰਜਾਬ ਨੂੰ ਬੋਲੀ, ਕੌਮ ਅਤੇ ਮੁੱਖ ਪੈਦਾਵਾਰੀ ਇਕਾਈ ਵਜੋਂ ਮਾਰਨਾ ਚਾਹੁੰਦੀ ਹੈ। ਪੰਜਾਬ ਦਾ ਮਸਲਾ ਅਸਲ ਚ ਕੇਂਦਰ ਅਤੇ ਸੂਬਿਆਂ ਦੇ ਅਧਿਕਾਰਾਂ ਦਾ ਮਸਲਾ ਹੈ ਜੋ ਮਾਰਕਸਵਾਦੀ ਨਜ਼ਰੀਏ ਅਨੁਸਾਰ ਦਰੁਸਤ ਹੈ ਪਰ ਸਰਕਾਰ ਜਾਣ ਬੁੱਝ ਕੇ ਇਸ ਨੂੰ ਹਿੰਦੂਆਂ ਅਤੇ ਸਿੱਖਾਂ ਦਾ ਮਸਲਾ ਬਣਾ ਰਹੀ ਹੈ। ਚੰਗਾ ਸਾਥੀ ਵਤਨੋਂ ਦੂਰ ਦੇ ਸਾਰੇ ਲਿਖਾਰੀਆਂ ਦਾ ਧੰਨਵਾਦ ਕਰ ਦੇਣਾ, ਜਿਨ੍ਹਾਂ ਕਾਂਗਰਸ ਵੱਲੋਂ ਕਰਵਾਏ ਜਾ ਰਹੇ ਤੀਜੇ ਵਿਸ਼ਵ ਸੰਮੇਲਨ ਨੂੰ ਹੁੰਗਾਰਾ ਨਹੀਂ ਦਿੱਤਾ।"[5]

ਇਸ ਤਰ੍ਹਾਂ ਇਸ ਚਿੱਠੀ ਵਿਚ ਪੰਜਾਬ ਮੁੱਦੇ ਨੂੰ ਰਾਜ ਅਧਿਕਾਰਾਂ ਦਾ ਮਸਲਾ ਮੰਨਿਆ ਗਿਆ ਹੈ ਅਤੇ ਕਾਂਗਰਸ ਦੇ ਚਿਹਰੇ ਤੋਂ ਪਰਦਾ ਚੁੱਕਿਆ ਗਿਆ ਹੈ ਜੋ ਪੰਜਾਬੀ ਬੋਲੀ ਅਤੇ ਕੌਮ ਨੂੰ ਖ਼ਤਮ ਕਰਨਾ ਚਾਹੁੰਦੀ ਹੈ ਪਰ ਇੱਥੇ ਸਵਾਲ ਇਹ ਪੈਦਾ ਹੋ ਜਾਂਦਾ ਹੈ ਕਿ ਸਿੱਖ ਕੌਮ ਹੈ ਜਾਂ ਪੰਜਾਬ ਕੌਮ ਹੈ। ਕੀ ਧਰਮ ਅਧਾਰਿਤ ਮੁੱਦੇ ਕੌਮੀ ਮੁੱਦਾ ਬਣ ਸਕਦੇ ਹਨ ਜਾਂ ਨਹੀਂ। ਸੰਤ ਰਾਮ ਉਦਾਸੀ ਮੱਧਲੇ ਭਾਗ ਤੋਂ ਬਾਅਦ ਉਪਰੋਕਤ ਚਿੱਠੀ ਦਾ ਅੰਤ ਆਪਣੀ ਕਮਿਊਨਿਸਟ ਵਿਚਾਰਧਾਰਾ ਅਨੁਸਾਰ 'ਲਾਲ ਸਲਾਮ' ਲਿਖਕੇ ਕਰਦਾ ਹੈ, ਜੋ ਰਸਮੀ ਪੈਟਰਨ ਤੋਂ ਹਟਕੇ ਵਿਚਾਰਧਾਰਾਈ ਸਿਖਲਾਈ ਅਨੁਸਾਰ ਕੀਤੀ ਸ਼ਬਦ ਚੋਣ ਹੈ।

ਸੰਤ ਰਾਮ ਉਦਾਸੀ ਨੂੰ 11-1-71 ਈ. ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਲੱਡਾ ਕੋਠੀ ਵਿਖੇ ਪੁਲਿਸ ਦੇ ਸਪੈਸ਼ਲ ਸਟਾਫ਼ ਨੇ ਉਨ੍ਹਾਂ ਤੇ ਅੰਨ੍ਹਾ ਤਸ਼ੱਦਦ ਕੀਤਾ। ਇਸ ਤੋਂ ਬਾਅਦ ਲਗਾਤਾਰ ਉਨ੍ਹਾਂ ਨੂੰ ਆਈ.ਪੀ.ਸੀ. ਦੀਆਂ ਧਾਰਾਵਾਂ 4-5, 9, 117, 120, 212, 216, 107 ਅਤੇ 151[6] ਦੇ ਤਹਿਤ ਵੱਖ-ਵੱਖ ਸਮੇਂ ਗ੍ਰਿਫ਼ਤਾਰ ਕੀਤਾ ਜਾਂਦਾ ਰਿਹਾ। ਐੱਸ.ਪੀ. ਦੁਆਰਾ ਡੀ.ਈ.ਓ. ਨੂੰ ਲਿਖੀਆਂ ਚਿੱਠੀਆਂ ਤੋਂ ਪਤਾ ਚਲਦਾ ਹੈ ਕਿਵੇਂ ਸੰਤ ਰਾਮ ਉਦਾਸੀ ਨੂੰ ਬਾਰ-ਬਾਰ ਬਿਨਾਂ ਕੋਈ ਦੋਸ਼ ਸਾਬਿਤ ਹੋਏ ਮਾਸਟਰੀ ਦੇ ਕਾਰਜ ਤੋਂ ਮੁਅੱਤਲ ਕਰ ਦਿੱਤਾ ਗਿਆ ਅਤੇ ਪਰਿਵਾਰ ਨੂੰ ਮੰਦਹਾਲੀ ਤੇ ਭੁੱਖੇ ਮਰਨ ਲਈ ਸਰਕਾਰ ਵੱਲੋਂ ਮਜਬੂਰ ਕੀਤਾ ਗਿਆ। ਇਸ ਤਰ੍ਹਾਂ ਇਹ ਚਿੱਠੀਆਂ ਸੰਤ ਰਾਮ ਉਦਾਸੀ ਦੇ ਮਾਨਸਿਕ, ਸਰੀਰਕ ਅਤੇ ਆਰਥਿਕ ਹਾਲਾਤ ਦੇ ਰੂਬਰੂ ਕਰਵਾਉਂਦੀਆਂ ਹਨ। ਇਸ ਤਸ਼ੱਦਦ ਦੇ ਚਲਦੇ ਉਹ ਆਪਣੇ ਬਚਾਅ ਅਤੇ ਪਰਿਵਾਰਕ ਗ਼ਰੀਬੀ ਦੀ ਹਾਲਤ ਨੂੰ ਸੁਧਾਰਨ ਲਈ (22-6-76 ਈ.) ਐੱਸ.ਡੀ.ਐਮ. ਨੂੰ ਚਿੱਠੀ ਲਿਖਦਾ ਹੈ;

[5] ਉਹੀ, ਪੰਨਾ 276

[6] '4/5-ਐਕਸਪਲੂਸਿਵ ਐਕਟ, 9-ਸਕਿਉਰਟੀ ਐਕਟ, 25-ਅਸਲਾ, 120-ਅਪਰਾਧਜਨਕ ਗੁਪਤ ਯੋਜਨਾ, 117-ਲੋਕਾਂ ਰਾਹੀਂ ਜਾਂ 10 ਤੋਂ ਵੱਧ ਰਾਹੀਂ ਜੁਰਮ ਦੇ ਕੀਤੇ ਜਾਣ ਦੀ ਸਹਿ ਦੇਣਾ, 107/151-ਪੰਜ ਜਾਂ ਵੱਧ ਵਿਅਕਤੀਆਂ ਦੇ ਇਕੱਠ ਨਾਲ ਜਾਰੀ ਰਹਿਣਾ ਜਾਂ ਜਾਣ ਬੁਝ ਕੇ ਨਾਲ ਰਲਣਾ ਉਸ ਤੋਂ ਬਾਅਦ ਜਦੋਂ ਇਸ ਦੇ ਖਿੰਡ ਜਾਣ ਦਾ ਹੁਕਮ ਦਿੱਤਾ ਜਾ ਚੁੱਕਾ ਹੋਵੇ, 212-ਜੁਰਮੀ ਨੂੰ ਪਨਾਹ ਦੇਣੀ, 216-ਹਿਰਾਸਤ ਵਿਚੋਂ ਬਚ ਨਿਕਲਣ ਵਾਲੇ ਜੁਰਮੀ ਨੂੰ ਜਾਂ ਜਿਸ ਦੀ ਗ੍ਰਿਫਤਾਰੀ ਦਾ ਹੁਕਮ ਦਿੱਤਾ ਜਾ ਚੁੱਕਾ ਹੋਵੇ।'-ਡਾ. ਸਰਿਤਾ ਜੰਡ, ਭਾਰਤੀ ਦੰਡ ਨਿਯਮਾਵਲੀ 1860, ਪੰਜਾਬ ਲਾਅ ਏਜੰਸੀ, ਚੰਡੀਗੜ੍ਹ, 2004, ਪੰਨਾ 1-10

> "ਮੈਂ ਕਿਸੇ ਵੀ ਸਿਆਸੀ ਪਾਰਟੀ ਦਾ ਨਾ ਤਾਂ ਮੈਂਬਰ ਹਾਂ ਅਤੇ ਨਾ ਹੀ ਹਮਦਰਦ ਹਾਂ ਮੈਂ ਇੱਕ ਅਮਨ ਪਸੰਦ ਸ਼ਹਿਰੀ ਵਾਂਗ ਮੁਲਾਜ਼ਮਤ ਕਰਨਾ ਚਾਹੁੰਦਾ ਹਾਂ। ਮੈਂ ਆਪਣੀ ਸਰਕਾਰੀ ਜ਼ੁੰਮੇਵਾਰੀ ਨੂੰ ਬਹੁਤ ਚੰਗੀ ਤਰ੍ਹਾਂ ਸਮਝਦਾ ਹਾਂ। ਮੇਰੇ ਕੋਲ ਮੁਲਾਜ਼ਮਤ ਤੋਂ ਬਗੈਰ ਕੋਈ ਵੀ ਰੋਜ਼ੀ ਦਾ ਸਾਧਨ ਨਹੀਂ ਹੈ ਮੈਂ ਇੱਕ ਹਰੀਜਨ (ਮਜ਼੍ਹਬੀ ਸਿੱਖ) ਘਰਾਣੇ ਨਾਲ ਸਬੰਧਿਤ ਹਾਂ। ਸੋ ਕਿਰਪਾ ਕਰਕੇ ਮੈਨੂੰ ਮੇਰੀ ਸੇਵਾਵਾਂ 'ਤੇ ਬਹਾਲ ਹੋਣ ਲਈ ਇਜਾਜ਼ਤ ਦਿੱਤੀ ਜਾਵੇ।"[7]

ਇਸ ਤਰ੍ਹਾਂ ਜਿੱਥੇ ਉਪਰੋਕਤ ਚਿੱਠੀ ਦੀਆਂ ਸਤਰਾਂ ਉਦਾਸੀ ਦੀ ਮਜ਼ਬੂਰੀ ਨੂੰ ਬਿਆਨ ਕਰਦੀਆਂ ਹਨ, ਉੱਥੇ ਹੀ ਜਾਤੀ ਹੀਣ ਭਾਵਨਾ ਨੂੰ ਪ੍ਰਗਟ ਕਰਦੀਆਂ ਹਨ। ਉਪਰੋਕਤ ਆਰਥਿਕ ਹੰਭਲਾ ਜਿੱਥੇ ਪਰਿਵਾਰਕ ਜ਼ਿੰਮੇਵਾਰੀਆਂ ਦੀ ਬਾਤ ਪਾਉਂਦਾ ਹੈ, ਉੱਥੇ ਇਹ ਲਹਿਰ ਦੀਆਂ ਫੁੱਟਾਂ ਕਾਰਨ ਪੈਦਾ ਹੋਈ ਮਾਨਸਿਕ ਹਾਲਤ ਦਾ ਪ੍ਰਗਟਾਵਾ ਵੀ ਕਰਦਾ ਹੈ। ਇਸ ਸਭ ਦੇ ਬਾਵਜੂਦ ਉਦਾਸੀ ਆਪਣੀ ਵਿਚਾਰਧਾਰਕ ਸੂਝ ਅਨੁਸਾਰ ਲੋਕ ਹਿੱਤਾਂ ਲਈ ਗੀਤ ਲਿਖਦਾ ਰਿਹਾ। ਸੰਤ ਰਾਮ ਉਦਾਸੀ ਦੀ ਪ੍ਰਤੀਬੱਧਤਾ ਬਾਰੇ 'ਰਾਹੀਂ' ਲਿਖਦਾ ਹੈ ਕਿ;

> "ਸਾਡੇ ਲੋਕ ਕਵੀ ਨੂੰ ਹਕੂਮਤੀ ਜਬਰ ਨੇ ਆਪਣੇ ਅਕੀਦੇ ਤੋਂ ਥਿੜਕਾਉਣ ਲਈ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ ਪਰ ਉਹ ਅੰਤ ਘੜੀ ਤੱਕ ਅਡੋਲ ਰਿਹਾ। ਆਪਣੀਆਂ ਸਭ ਤੋਂ ਉੱਤਮ ਰਚਨਾਵਾਂ ਵੀ ਉਸਨੇ ਇਸੇ ਦੌਰ ਵਿਚ ਹੀ ਸਿਰਜੀਆਂ ਹਨ। ਜੇਲ੍ਹ ਦੀਆਂ ਸੀਖਾਂ ਪਿੱਛੇ ਵੀ ਉਸਦਾ ਹੌਸਲਾ ਬੁਲੰਦ ਰਿਹਾ। ਜਿਉਂ-ਜਿਉਂ ਉਸ ਉੱਪਰ ਹਕੂਮਤੀ ਜਬਰ ਵੱਧਦਾ ਸੀ ਤਿਉਂ-ਤਿਉਂ ਉਸਦੇ ਆਪਣੇ ਸ਼ਬਦਾਂ 'ਚ ਉਸ ਨੂੰ ਸਿਧਾਂਤ ਦੀ ਖੋਹ ਹੋਰ ਵੀ ਜਾਗਦੀ ਸੀ। ਕਿਰਤੀ ਲੋਕਾਂ ਦੇ ਮਹਾਨ ਲੋਕ ਕਵੀ ਦੀ ਪ੍ਰਤੀਬੱਧਤਾ ਅੱਗੇ ਸਿਰ ਝੁਕਦਾ ਹੈ।" [8]

ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਸੰਤ ਰਾਮ ਉਦਾਸੀ ਨੇ ਘਰ ਦੀ ਗ਼ਰੀਬੀ, ਜਾਤੀ ਦਾਬੇ ਦੀ ਮਾਰ ਅਤੇ ਪੁਲਿਸ ਦੇ ਤਸ਼ੱਦਦ ਅੱਗੇ ਵਿਚਾਰਧਾਰਕ ਪ੍ਰਤੀਬੱਧਤਾ ਨੂੰ ਕਦੇ ਤਿਆਗਿਆ ਨਹੀਂ ਸੀ। ਇਸ ਤਰ੍ਹਾਂ ਸੰਤ ਰਾਮ ਉਦਾਸੀ ਆਪਣੇ ਜੀਵਨ ਦੇ ਅੰਤ ਤੱਕ ਦਵੰਦਵਾਦੀ-ਮਾਰਕਸਵਾਦੀ ਫ਼ਲਸਫ਼ੇ ਅਨੁਸਾਰ ਜਾਤੀ, ਜਮਾਤੀ ਵਿਰੋਧਤਾਈਆਂ ਅਤੇ ਪਾਰਟੀ ਦੀਆਂ ਅੰਦਰੂਨੀ ਵਿਰੋਧਤਾਈਆਂ ਖਿਲਾਫ਼ ਲੜਦਾ ਲੋਕ ਕਵੀ ਤੇ ਮਹਾਨ ਸ਼ਖ਼ਸ ਸੀ।

---

[7] ਸੰਤ ਰਾਮ ਉਦਾਸੀ, "ਅਧੂਰੇ ਖ਼ਤ" *ਸੰਤ ਰਾਮ ਉਦਾਸੀ ਜੀਵਨ ਤੇ ਸਮੁੱਚੀ ਰਚਨਾ*, (ਸੰਪਾ. ਰਾਜਿੰਦਰ ਰਾਹੀ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2000, ਪੰਨਾ 30

[8] ਰਾਜਿੰਦਰ ਰਾਹੀ, "ਇੱਕ ਜੀਵਨ-ਇਕ ਜੱਦੋ ਜਹਿਦ", *ਸੰਤ ਰਾਮ ਉਦਾਸੀ ਜੀਵਨ ਤੇ ਸਮੁੱਚੀ ਰਚਨਾ*, (ਸੰਪਾ. ਰਾਜਿੰਦਰ ਰਾਹੀ), ਚੇਤਨਾ ਪ੍ਰਕਾਸ਼ਨ. ਲੁਧਿਆਣਾ, 2000, ਪੰਨਾ 32